# Guru Nanak Di Baani Vich Akaal Purakh Da Sankalap

# ਗੁਰੂ ਨਾਨਕ ਦੀ ਬਾਣੀ ਵਿਚ ਅਕਾਲ ਪੁਰਖ ਦਾ ਸੰਕਲਪ

Shahejeet Singh Kang
Assistant Professor
Mata Gujri College, Fatehgarh Sahib, Punjab.
Contact- 8054951000, E-mail- shahejeetkang@yahoo.com

**ਸਾਰ:** *ਗੁਰੂ ਨਾਨਕ ਆਪਣੀ ਬਾਣੀ ਵਿਚ ਅਕਾਲ ਪੁਰਖ ਦੇ ਸੰਕਲਪ ਨੂੰ ਮਾਨਵਵਾਦੀ ਅਤੇ ਸਮਾਜਿਕ ਦ੍ਰਿਸ਼ਟੀ ਤੋਂ ਬਿਆਨਦੇ ਹਨ। ਗੁਰੂ ਸਾਹਿਬ ਦਾ ਆਦਰਸ਼ ਮਨੁੱਖ 'ਗੁਰਮੁਖ, ਜਿਸ ਦਾ ਮੁੱਖ ਟੀਚਾ ਮਨੁੱਖਤਾ ਅਤੇ ਸਮਾਜ ਦੇ ਭਲੇ ਲਈ ਗਿਆਨ ਹਾਸਲ ਕਰਨਾ ਅਤੇ ਵਰਤਾਉਣਾ ਹੈ। ਉਸ ਦੀ ਅਗਵਾਈ ਕਰਨਾ ਵਾਲਾ ਗੁਰੂ 'ਸ਼ਬਦ' ਹੈ। 'ਸ਼ਬਦ' ਹੀ ਉਸਦੀ ਹਉਮੈ ਦੀ ਮੈਲ਼ ਨੂੰ ਧੋ ਸਕਦਾ ਹੈ। ਗੁਰੂ ਸਾਹਿਬ 'ਹੁਕਮ' ਦੇ ਸੰਕਲਪ ਨੂੰ ਸਮਾਜਿਕ ਦ੍ਰਿਸ਼ਟੀ ਤੋਂ ਬਿਆਨਦੇ ਹਨ। 'ਹੁਕਮ' ਅਕਾਲ ਪੁਰਖ ਦਾ ਹੈ। ਅਕਾਲ ਪੁਰਖ ਮਨੁੱਖਤਾ ਦੇ ਭਲੇ ਨੂੰ ਉਭਾਰਦਾ ਹੈ।*

ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿੱਚ ਅਕਾਲ ਪੁਰਖ ਨੂੰ ਅਨੇਕ ਨਾਮ ਦਿੱਤੇ ਗਏ ਹਨ। ਭਗਤ ਸਾਹਿਬਾਨ ਅਤੇ ਗੁਰੂ ਸਾਹਿਬਾਨ ਨੇ ਬਾਣੀ ਵਿੱਚ ਸੱਤ, ਹਰੀ, ਬ੍ਰਹਮ, ਪ੍ਰਭੂ, ਸਾਹਿਬ, ਨਿਰੰਜਨ, ਖ਼ੁਦਾ, ਗੋਸਾਂਈ, ਗੋਪਾਲ ਆਦਿ ਜਿਹੇ ਸੈਂਕੜੇ ਨਾਵਾਂ ਦੀ ਵਰਤੋਂ ਪ੍ਰਾਪਤ ਹੈ। ਡਾ. ਵਜ਼ੀਰ ਸਿੰਘ ਮੁਤਾਬਿਕ ਪਰਮ ਸੱਤਾ ਤੇ ਅਨੇਕ ਸਫ਼ਾਤੀ ਨਾਵਾਂ ਨੂੰ, ਅਰਥਾਂ ਦੀ ਨੇੜਤਾ ਦੇ ਆਧਾਰ ਉੱਤੇ ਵਰਗਾਂ ਵਿੱਚ ਵੰਡ ਲਿਆ ਜਾਵੇ, ਤਾਂ ਕਈ ਇੱਕ ਨਾਮ ਅਜਿਹੇ ਮਿਲ ਜਾਣਗੇ ਜੋ ਰੱਬਤਾ ਦੇ ਕੁਝ ਵਿਸ਼ੇਸ਼ ਪਹਿਲੂਆਂ ਦੀ ਪ੍ਰਤੀਨਿਧਤਾ ਕਰਨਗੇ। ਇਹਨਾਂ ਨਾਵਾਂ ਦੇ ਦਾਰਸ਼ਨਿਕ, ਸਮਾਜਿਕ, ਰਹੱਸਮਈ ਭਾਵ-ਅਰਥ ਖੋਜੇ ਜਾ ਸਕਦੇ ਹਨ, ਜਿਨ੍ਹਾਂ ਦੀ ਵਿਸਤ੍ਰਿਤ ਵਿਆਖਿਆ ਸਿੱਖ-ਚਿੰਤਨ ਦੇ ਕਾਰਜਾਂ ਵਿੱਚ ਸ਼ਾਮਿਲ ਹੈ।[1]

ਗੁਰੂ ਨਾਨਕ ਅਕਾਲ ਪੁਰਖ ਨੂੰ ਮਾਨਵੀ ਪ੍ਰਸੰਗ ਵਿੱਚ ਲੈਂਦੇ ਹਨ ਕਿਉਂਕਿ ਅਕਾਲ ਪੁਰਖ ਇਹੋ ਜਿਹੇ ਸਮਾਜ ਦੀ ਸਿਰਜਣਾ ਪ੍ਰਤੀ ਹੁੰਗਾਰਾ ਭਰਦਾ ਹੈ ਜਿਸ ਵਿੱਚ ਮਨੁੱਖਤਾ ਦੇ ਮਾਨਵੀ ਪੱਖਾਂ ਨੂੰ ਉਜਾਗਰ ਕੀਤਾ ਗਿਆ ਹੋਵੇ। ਗੁਰੂ ਸਾਹਿਬ ਦਾ ਨਿਸ਼ਾਨਾ ਸੱਚੇ ਰੱਬ ਪ੍ਰਤੀ ਵਫ਼ਾਦਾਰੀ ਦਾ ਹੈ: "ਮੈ ਅਵਰੁ ਗਿਆਨੁ ਨ ਧਿਆਨੁ ਪੂਜਾ ਹਰਿ ਨਾਮੁ ਅੰਤਰਿ ਵਸਿ ਰਹੇ ॥ ਭੇਖੁ ਭਵਨੀ ਹਠੁ ਨ ਜਾਨਾ ਨਾਨਕਾ ਸਚੁ ਗਹਿ ਰਹੇ॥"[2] ਸਮਾਜਿਕ ਜੀਵਨ ਦੀ ਦ੍ਰਿਸ਼ਟੀ ਤੋਂ ਰੱਬ ਹੀ ਸੱਚਾ ਹੈ ਕਿਉਂਕਿ ਸੱਚਾ ਰੱਬ ਵਿਅਕਤੀ ਲਈ ਚੰਗੇ ਕਾਰਜ ਕਰਨ ਦੀ ਪ੍ਰੇਰਨਾ ਦਾ ਸਰੋਤ ਹੈ ਇਸ ਪ੍ਰੇਰਨਾ ਸਦਕਾ ਮਨੁੱਖ ਗੁਰਮੁਖ ਦੇ ਰਾਹ ਤੁਰਦਾ ਹੈ ਇਸ ਰਾਹ'ਤੇ ਤੁਰਦਿਆਂ ਮਨੁੱਖ ਕਾਇਨਾਤ ਵਿੱਚ ਪ੍ਰੇਮ, ਸ਼ਰਧਾ ਤੇ ਮਿਲਵਰਤਨ ਦਾ ਰੰਗ ਘੋਲਦਾ ਹੈ। ਗੁਰੂ ਸਾਹਿਬ ਵੱਲੋਂ ਵਾਰ-ਵਾਰ ਨਾਮ ਉੱਤੇ ਜ਼ੋਰ ਦੇਣ ਦਾ ਮਤਲਬ ਸਮਾਜਿਕ ਵਰਤਾਰੇ ਨੂੰ ਮਾਨਵਵਾਦੀ ਬਣਾਉਣ ਵੱਲ ਇੱਕ ਪੁਲਾਂਘ ਹੈ। ਨਾਮ, ਸਚਾਈ ਤੇ ਸੇਵਾ ਨਾਲ ਜੁੜਿਆ ਸੰਕਲਪ ਹੈ ਜਿਸ ਨੂੰ ਪਾ ਕੇ ਵਿਅਕਤੀ ਅਕਾਲ ਪੁਰਖ ਦੇ ਰਸਤੇ ਨੂੰ ਪ੍ਰਾਪਤ ਕਰ ਸਕਦਾ ਹੈ।

ਸਚੇ ਤੇਰੇ ਖੰਡ ਸਚੇ ਬ੍ਰਹਮੰਡ ॥
ਸਚੇ ਤੇਰੇ ਲੋਅ ਸਚੇ ਆਕਾਰ ॥[3] ( ਰਾਗ ਆਸਾ, ਮਹਲਾ ੧)

ਗੁਰੂ ਨਾਨਕ ਸਾਹਿਬ ਨੇ ਅਕਾਲ ਪੁਰਖ ਦੇ ਪੂਰਨ ਸਰੂਪ ਦੀ ਰੂਪ ਰੇਖਾ ਮੂਲ ਮੰਤਰ ਵਿੱਚ ਦੱਸੀ ਹੈ:

ੴਸਤਿਨਾਮ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ॥[4]

ਪ੍ਰਭੂ ਦਾ ਸਰੂਪ ਤਾਂ ਭਾਰਤੀ ਪਰੰਪਰਾ ਵਿੱਚ ਵੀ ਚਿਤਰਿਆ ਗਿਆ ਹੈ। ਗੁਰਮਤਿ ਵਿੱਚ ਅਕਾਲ ਪੁਰਖ ਇੱਕ ਤੇ ਕੇਵਲ ਇੱਕ ਹੈ ਇੱਥੇ ਇੱਕ ਅੱਖਰਾਂ ਵਿੱਚ ਨਾ ਲੈ ਕੇ ਅੰਕੜੇ ਭਾਵ ਗਣਿਤ ਵਿੱਚ ਲਿਖਿਆ ਹੈ। ਅੱਖਰਾਂ ਦੇ ਅਰਥ ਸਮਾਂ ਪਾ ਕੇ ਬਦਲ ਸਕਦੇ ਹਨ ਗਣਿਤ ਦੇ ਅੰਕੜਿਆਂ ਦੇ ਅਰਥ ਨਹੀਂ ਬਦਲਦੇ ਗੁਰਬਾਣੀ ਵਿੱਚ ਕਈ ਥਾਈ ਇਸ ਸਿਧਾਂਤ ਦੀ ਪ੍ਰੋੜ੍ਹਤਾ ਕੀਤੀ ਗਈ ਹੈ:

ਸਾਹਿਬ ਮੇਰਾ ਇੱਕੋ ਹੈ॥
ਏਕੋ ਹੈ ਭਾਈ ਏਕੋ ਹੈ॥[5] (ਰਾਗ ਆਸਾ, ਮਹਲਾ ੧)

ਗੁਰੂ ਨਾਨਕ ਨਾਮ ਦੇ ਸਮ-ਅਰਥਾਂ ਵਿੱਚ ਹੀ 'ਸ਼ਬਦ' ਨੂੰ ਲੈਂਦੇ ਹਨ। 'ਸ਼ਬਦ' ਵਿਚਾਰ ਦੇ ਨਾਲ ਜੁੜਿਆ ਹੋਇਆ ਉਹ ਤਰੀਕਾਕਾਰ ਹੈ ਜਿਸ ਨੂੰ ਅਪਣਾ ਕੇ ਵਿਅਕਤੀ ਆਪਣੇ ਜੀਵਨ ਦੇ ਨਕਾਰਾਤਮਿਕ ਪੱਖਾਂ ਨੂੰ ਸਕਾਰਾਤਮਿਕ ਬਣਾ ਸਕਦਾ ਹੈ। ਜੀਵਨ ਦੇ ਵਿਭਿੰਨ ਪੱਖਾਂ ਤੇ ਸਮਾਜਿਕ ਸੰਦਰਭਾਂ ਵਿੱਚ ਸ਼ਬਦ ਮਨੁੱਖ ਨੂੰ ਲੋਕ ਸੇਵਾ ਦੇ ਰਸਤੇ ਤੋਰਦਾ ਹੈ। 'ਸ਼ਬਦ' ਆਪਣੇ ਆਪ ਵਿੱਚ ਆਜ਼ਾਦ ਹਸਤੀ ਨਾ ਹੋ ਕੇ ਭਾਈਚਾਰਕ ਸਾਂਝ ਦਾ ਪ੍ਰਤੀਕ ਹੈ ਕਿਉਂਕਿ 'ਸ਼ਬਦ' ਦਾ ਸੰਕਲਪ ਮਨੁੱਖ ਦੀ ਸਮਾਜਿਕ ਹੋਂਦ ਨਾਲ ਜੁੜਿਆ ਹੋਇਆ ਹੈ। ਮਨੁੱਖ ਨਾਲ ਸਬੰਧਿਤ ਵਿਭਿੰਨ ਸੰਸਥਾਵਾਂ ਵਿੱਚ 'ਸ਼ਬਦ' ਦੀ ਭੂਮਿਕਾ ਨੂੰ ਸਮੂਹਿਕ ਕਾਰਜਾਂ ਦੇ ਪ੍ਰਸੰਗ ਵਿੱਚ ਵੇਖੀ ਜਾ ਸਕਦੀ ਹੈ। 'ਸ਼ਬਦ' ਸਮਾਜਿਕ ਵਰਤਾਰੇ ਦੇ ਉਹਨਾਂ ਪੱਖਾਂ ਨੂੰ ਜਲਾ ਦਿੰਦਾ ਹੈ ਜਿਹੜੇ ਹਉਮੈ ਨੂੰ ਜਨਮ ਦੇ ਕੇ ਮਨੁੱਖ ਦੀ ਆਪਸੀ ਸਾਂਝ ਨੂੰ ਖ਼ਤਮ ਕਰਨ ਵੱਲ ਤੁਰੇ ਹੋਏ ਹਨ। ਅਸਲ ਵਿੱਚ 'ਸ਼ਬਦ' ਸਮਾਜਿਕ ਟਕਸਾਲ ਵਿੱਚੋਂ ਉਪਜਿਆ ਉਹ ਸਿੱਕਾ ਹੈ ਜਿਹੜਾ ਮਨੁੱਖ ਨੂੰ ਚੰਗੇ ਗੁਣ ਧਾਰਨ ਕਰਨ ਦਾ ਸੁਨੇਹਾ ਦਿੰਦਾ ਹੈ:

ਘੜੀਐ ਸਬਦੁ ਸਚੀ ਟਕਸਾਲ॥[6] (ਜਪੁ)

ਨਾਨਕ ਹਉਮੈ ਸਬਦਿ ਜਲਾਇਆ॥[7](ਰਾਗ ਬਸੰਤ, ਮਹਲਾ ੧)

ਸ਼ਬਦ ਦੀ ਭਗਤੀ ਸੱਚ ਦਾ ਰਸਤਾ ਹੈ ਅਤੇ ਇਸ ਭਗਤੀ ਨੂੰ ਪਾਉਣ ਖ਼ਾਤਰ ਗੁਰੂ ਦੀ ਜ਼ਰੂਰਤ ਹੁੰਦੀ ਹੈ। ਗੁਰੂ ਸਾਹਿਬ ਆਪਣੀ ਬਾਣੀ ਵਿੱਚ ਗੁਰੂ ਨੂੰ ਅਹਿਮੀਅਤ ਦਿੰਦੇ ਹੋਏ ਇਸ ਦੀ ਭੂਮਿਕਾ ਉਸ ਗਿਆਨੀ ਮਨੁੱਖ ਦੇ ਰੂਪ ਵਿੱਚ ਦਰਸਾਉਂਦੇ ਹਨ ਜਿਹੜਾ ਚੰਗੇ ਵਿਚਾਰਾਂ ਨੂੰ ਪ੍ਰਚਾਰਦਾ ਹੋਇਆ ਸਮਾਜਿਕ ਤੌਰ ਤੇ ਗ੍ਰਹਿਸਤੀ ਜੀਵਨ ਭੋਗਦੇ ਮਨੁੱਖਾਂ ਨੂੰ ਸੱਚ ਅਤੇ ਗਿਆਨ ਦੇ ਮਾਰਗ ਤੋਰਦਾ ਹੈ। ਗੁਰੂ 'ਸ਼ਬਦ' ਦਾ ਵਿਆਖਿਆਕਾਰ ਹੁੰਦਾ ਹੈ:

ਸਬਦ ਗੁਰ ਪੀਰਾ ਗਹਿਰ ਗੰਭੀਰਾ ਬਿਨੁ ਸਬਦੈ ਜਗੁ ਬਉਰਾਨੰ॥[8](ਰਾਗ ਸੋਰਠਿ, ਮਹਲਾ ੧)

ਸ਼ਬਦ ਜਾਂ ਨਾਮ ਦੀ ਵਿਆਖਿਆ ਲਈ ਗੁਣੀ ਗਿਆਨੀ ਤੇ ਗੰਭੀਰ ਇਨਸਾਨ ਦਾ ਕਾਰਜ ਗੁਰੂ ਹੀ ਨਿਭਾ ਸਕਦਾ ਹੈ। ਕਿਉਂਕਿ ਗੁਰੂ ਸਮੁੱਚੀ ਵਿਵਸਥਾ ਨੂੰ ਵਿਸ਼ਲੇਸ਼ਣੀ ਲਹਿਜ਼ੇ ਵਿੱਚ ਨਿਹਾਰਦਾ ਹੋਇਆ ਮਨੁੱਖ ਨੂੰ ਸਮਾਜਿਕ ਪ੍ਰਸੰਗ ਵਿੱਚ ਵੇਖਦਾ ਹੈ। ਗੁਰੂ ਗਿਆਨ ਦਾ ਦਾਤਾ ਹੁੰਦਾ ਹੈ ਅਤੇ ਮਨੁੱਖ ਦੇ ਮਨਮੁਖ ਕਿਰਦਾਰ ਵਿੱਚੋਂ ਹਉਮੈ ਦੀ ਮੈਲ ਧੋ ਸੁੱਟਦਾ ਹੈ:

ਬਿਨੁ ਗੁਰ ਪ੍ਰੀਤ ਨ ਊਪਜੈ ਹਉਮੈ ਮੈਲੁ ਨ ਜਾਇ॥[9]( ਰਾਗ ਸਿਰੀ, ਮਹਲਾ ੧)

ਗਿਆਨ ਕਾ ਬਧਾ ਮਨੁ ਰਹੈ ਗੁਰ ਬਿਨੁ ਗਿਆਨੁ ਨ ਹੋਇ॥[10]( ਰਾਗ ਆਸਾ, ਮਹਲਾ੧)

ਗੁਰੂ ਨਾਨਕ ਦੀ ਬਾਣੀ ਵਿੱਚ ਮਨੁੱਖ ਨੂੰ ਚੰਗੇ ਗੁਣ ਧਾਰਨ ਕਰਨ ਦੇ ਨਾਲ ਨਾਲ ਵਿਹਾਰਕ ਪੱਧਰ ਉੱਤੇ ਚੰਗੇ ਕਾਰਜ ਕਰਨ ਦੀ ਵੀ ਸਲਾਹ ਦਿੱਤੀ ਗਈ ਹੈ। ਮੈਕਲਿਉਡ ਦੇ ਸ਼ਬਦਾਂ ਵਿੱਚ,"ਸੱਚ ਦਾ ਸੰਕਲਪ, ਨਾਮ, ਸ਼ਬਦ ਅਤੇ ਗੁਰੂ (ਅਧਿਆਪਕ ਵਜੋਂ) ਗੁਰੂ ਨਾਨਕ ਦੀ ਰਚਨਾ ਦੇ ਚਾਰ ਬੁਨਿਆਦੀ ਗੁਣ ਹਨ।"[1] ਗੁਰੂ ਸਾਹਿਬ ਆਪਣੀ ਰਚਨਾ ਵਿੱਚ ਹੁਕਮ ਦੇ ਸੰਕਲਪ ਨੂੰ ਵੀ ਸਮਾਜਿਕ ਦ੍ਰਿਸ਼ਟੀ ਤੋਂ ਹੀ ਬਿਆਨਦੇ ਹਨ। ਕਿਉਂਕਿ ਹੁਕਮ ਅਕਾਲ ਪੁਰਖ ਦਾ ਹੈ, ਅਕਾਲ ਪੁਰਖ ਮਾਨਵਵਾਦ ਨੂੰ ਉਭਾਰਦਾ ਹੈ, ਮਾਨਵਵਾਦ ਨਾਲ ਜੁੜਿਆ 'ਹੁਕਮ' ਸੱਚ ਅਤੇ ਹੱਕ ਹਲਾਲ ਦਾ ਹੋਕਾ ਦਿੰਦਾ ਹੈ:

ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ॥[12](ਜਪੁ)

ਲਗਭਗ ਹੁਕਮ ਦੇ ਨਾਲ ਮਿਲਦਾ ਜੁਲਦਾ ਹੀ ਰੱਬ ਦਾ ਭਾਣਾ ਤੇ ਉਸ ਦੀ ਰਜ਼ਾ ਹੈ। ਰੱਬ ਦਾ ਭਾਣਾ ਤੇ ਉਸ ਦੀ ਰਜ਼ਾ ਚੰਗਿਆਈ ਦੇ ਗੁਣਾਂ ਦੀ ਤਰਜਮਾਨੀ ਕਰਦੀ ਹੈ। ਮਾੜੇ ਕਰਮ ਕਰਨ ਵਾਲਾ ਮਨਮੁਖ ਅਕਾਲ ਪੁਰਖ ਦੇ ਸਿਧਾਂਤ ਤੋਂ ਲਾਂਭੇ ਜਾਣ ਕਰਕੇ ਆਪਣੀ ਸਮਾਜਿਕ ਸਥਿਤੀ ਤੋਂ ਅਵੇਸਲਾ ਹੋ ਜਾਂਦਾ ਹੈ। ਪ੍ਰੰਤੂ ਗੁਰਮੁਖ ਆਪਣੇ ਕਰਤੱਵਾਂ ਕਰਕੇ ਆਪਣੀ ਧਾਰਮਿਕ ਜ਼ਿੰਮੇਵਾਰੀ ਦਾ ਪ੍ਰਗਟਾਵਾ ਕਰਦਾ ਹੈ।

ਗੁਰੂ ਸਾਹਿਬ ਅਵਤਾਰ ਧਾਰਨ ਦੇ ਵਿਚਾਰ ਨੂੰ ਹੁੰਗਾਰਾ ਨਹੀਂ ਦਿੰਦੇ। ਇਹ ਵਿਚਾਰ ਸਮਾਜਿਕ ਯਥਾਰਥ ਤੇ ਸਮਾਜਿਕ ਪਰਿਸਥਿਤੀਆਂ ਦੇ ਅਨੁਸਾਰੀ ਨਹੀਂ ਹੈ। ਇਸ ਤੋਂ ਉਲਟ ਮਨੁੱਖ ਦੇ ਪਰਮਾਤਮਾ ਨਾਲ ਅਭਿੰਨ ਹੋਣ ਉੱਤੇ ਜ਼ੋਰ ਦੇਣਾ ਗੁਰੂ ਸਾਹਿਬ ਦੀ ਰਚਨਾ ਦਾ ਸਭ ਤੋਂ ਮਹੱਤਵਪੂਰਨ ਗੁਣ ਹੈ। ਅਸਲ ਵਿੱਚ ਗੁਰੂ ਨਾਨਕ ਦਾ ਰੱਬੀ ਸੰਕਲਪ ਆਤਮ ਬਿਆਨੀ ਦੇ ਦੈਵੀ ਵਿਚਾਰ ਨਾਲ ਬਹੁਤ ਨੇੜਿਓਂ ਜੁੜਿਆ ਹੋਇਆ ਹੈ। ਇਸ ਵਿਚਾਰ ਅਨੁਸਾਰ ਅਕਾਲ ਪੁਰਖ ਗੁਣਾਂ ਤੋਂ ਰਹਿਤ ਹੈ, ਨਿਰਾਕਾਰ, ਰੂਪ ਰਹਿਤ, ਰੇਖ ਭਾਵ, ਨਿਸ਼ਾਨ ਰਹਿਤ, ਅਗੰਮ, ਅਗੋਚਰ(ਮਨੁੱਖੀ ਸੂਝ ਦੇ ਦਾਇਰੇ ਤੋਂ ਪਰੇ) ਅਪਾਰ, ਅਕਾਲ, ਅਗਾਹ, ਮਾਪ ਰਹਿਤ, ਅਦ੍ਰਿਸ਼ਟ, ਅਨੰਤ, ਅਲੋਭ, ਅਭੋਲ, ਅਕੱਥ, ਅਲੇਖ, ਅਲੱਖ, ਅਚੱਲ, ਨਿਰਮਲ, ਨਿਰਲੇਪ, ਅਜੂਨਿ ਹੈ। ਦੂਸਰੇ ਪਾਸੇ ਮਨੁੱਖ ਦੀ ਸਿਆਣਪ ਪੂਰੀ ਤਰ੍ਹਾਂ ਸੀਮਤ ਹੈ ਅਤੇ ਉਸ ਵੱਲੋਂ ਰੱਬ ਦੇ ਸਮੁੱਚ ਨੂੰ ਬਿਆਨਣ ਦੀ ਜਿਹੜੀ ਕੋਸ਼ਿਸ਼ ਕੀਤੀ ਜਾਂਦੀ ਹੈ ਉਹ ਅਸਲ ਵਿੱਚ ਅਨੰਤ ਨੂੰ ਮਾਪਣ ਦੀ ਕੋਸ਼ਿਸ਼ ਹੋਣੀ ਚਾਹੀਦੀ ਹੈ।

ਨਾ ਤਿਸੁ ਮਾਤ ਪਿਤਾ ਸੁਤ ਬੰਧਪ ਨਾ ਤਿਸੁ ਕਾਮਿ ਨ ਨਾਰੀ॥
ਅਕੁਲ ਨਿਰੰਜਨ ਅਪਰ ਪਰੰਪਰੁ ਸਗਲੀ ਜੋਤਿ ਤੁਮਾਰੀ॥[13](ਰਾਗ ਸੋਰਠਿ, ਮਹਲਾ ੧)

ਗੁਰੂ ਨਾਨਕ ਸਾਹਿਬ ਅਕਾਲ ਪੁਰਖ ਦੀ ਕ੍ਰਿਪਾ, ਕਰਮ, ਪ੍ਰਸਾਦ, ਮਿਹਰ ਨਦਰਿ, ਦਯਾ, ਬਖਸ਼ਿਸ਼ ਅਤੇ ਤਰਸ ਬਾਰੇ ਆਪਣੀ ਰਚਨਾ ਵਿੱਚ ਬਾਰ-ਬਾਰ ਜ਼ਿਕਰ ਕਰਦੇ ਹਨ:

ਨਾਉ ਨਾਨਕ ਬਖਸ਼ਿਸ਼ ਨਦਰਿ ਕਰਮ ਹੋਏ॥[14]

ਗੁਰੂ ਸਾਹਿਬ ਬਾਹਰੀ ਅਤੇ ਰਸਮੀ ਕਿਸਮ ਦੀ ਮੰਨਤ ਨਾਲੋਂ ਅੰਤਰੀਵੀ ਸ਼ਰਧਾ ਉੱਤੇ ਜ਼ੋਰ ਦਿੰਦੇ ਹਨ। ਗੁਰੂ ਸਾਹਿਬ ਮੁਤਾਬਿਕ ਭਵ-ਭਗਤੀ ਉੱਤੇ ਜ਼ੋਰ ਦੇਣਾ ਬਹੁਤ ਜ਼ਰੂਰੀ ਹੈ ਕਿਉਂਕਿ ਭਗਤੀ ਸ਼ਰਧਾ ਤੇ ਆਪਣੇ ਆਪ ਨੂੰ ਅਕਾਲ ਪੁਰਖ ਦੇ ਸਮਰਪਿਤ ਕੀਤੇ ਤੋਂ ਬਗ਼ੈਰ ਮਨੁੱਖ ਦੀ ਮੁਕਤੀ ਨਹੀਂ ਹੋ ਸਕਦੀ ਭਗਤੀ ਦਾ ਵਿਚਾਰ ਭਉ ਦੇ ਵਿਚਾਰ ਨਾਲ ਬਹੁਤ ਨੇੜਿਓਂ ਜੁੜਿਆ ਹੋਇਆ ਹੈ।

ਬਿਨੁ ਭੈ ਭਗਤੀ ਜਨਮੁ ਬਿਰੰਥ॥[15] (ਰਾਗ ਆਸਾ, ਮਹਲਾ ੧)

ਗੁਰੂ ਨਾਨਕ ਕਹਿੰਦੇ ਹਨ ਕਿ ਆਪਣੇ ਕਰਤੱਵਾਂ ਦੇ ਬਾਵਜੂਦ ਮਨੁੱਖ ਸੱਚੇ ਗੁਰੂ ਬਾਝੋਂ ਅਕਾਲ ਪੁਰਖ ਨੂੰ ਹਾਸਲ ਨਹੀਂ ਕਰ ਸਕਦਾ ਤਾਂ ਸਪਸ਼ਟ ਹੈ ਕਿ ਕਰਮ ਦੇ ਰਵਾਇਤੀ ਕਾਨੂੰਨ ਜਾਂ ਸੰਕਲਪ ਨੂੰ ਗੁਰੂ ਨਾਨਕ ਨੇ ਲਾਂਭੇ ਕਰ ਦਿੱਤਾ ਹੈ।

ਸਤਿਗੁਰ ਬਾਝੁ ਨ ਪਾਈਓ ਸਭ ਥੱਕੀ ਕਰਮ ਕਮਾਇ ਜੀਓ ॥[16] (ਰਾਗ ਸਿਰੀ, ਮਹਲਾ ੧)

ਗੁਰੂ ਸਾਹਿਬ ਦਾ ਫ਼ਰਮਾਨ ਹੈ ਕਿ ਸਭ ਤੋਂ ਵੱਡਾ ਸੱਚ ਅਕਾਲ ਪੁਰਖ ਹੈ ਪ੍ਰੰਤੂ ਅਕਾਲ ਪੁਰਖ ਦੀ ਸਚਾਈ ਦੇ ਮੁਕਾਬਲੇ ਉਸ ਦੀ ਸਿਰਜਣਾ ਝੂਠੀ ਹੈ, ਇਸ ਲਈ ਇਹ ਮਾਇਆ ਜਾਲ ਹੈ ਇਹ ਮਾਇਆ ਛੈਲ ਹੈ, ਧੋਖਾ ਹੈ,ਫ਼ਾਹੀ ਹੈ ਅਤੇ ਕੁੜੱਕੀ ਹੈ।

ਬਾਬਾ ਮਾਇਆ ਰਚਨਾ ਧੋਹਿਆ॥
ਅੰਧੈ ਨਾਮੁ ਵਿਸਾਰਿਆਨਾ ਤਿਸੁ ਏਹ ਨ ਓਹੁ॥[17]( ਰਾਗ ਸਿਰੀ, ਮਹਲਾ ੧)

ਗੁਰੂ ਨਾਨਕ ਲਈ ਮਾਇਆ ਵੇਦਾਂਤ ਦੇ ਸਿਧਾਂਤ ਦੀ ਤਰ੍ਹਾਂ ਬ੍ਰਹਿਮੰਡੀ ਭੁਲੇਖਾ ਨਹੀਂ ਹੈ। ਇਹ ਸ੍ਰਿਸ਼ਟੀ ਅਕਾਲ ਪੁਰਖ ਦੀ ਸਿਰਜਣਾ ਵਜੋਂ ਇੱਕ ਅਸਲੀਅਤ ਹੈ ਅਤੇ ਇਹ ਅਕਾਲ ਪੁਰਖ ਦੇ ਇਲਹਾਮੀ ਸੰਦੇਸ਼ ਰਾਹੀਂ ਉਸ ਦੀ ਕੁਦਰਤ ਨੂੰ ਸਮਝਣ ਲਈ ਮਨੁੱਖ ਦੀ ਮਦਦ ਕਰਦੀ ਹੈ। ਅਕਾਲ ਪੁਰਖ ਵਿੱਚ ਮਨੁੱਖ ਦੀ ਨਿਸ਼ਠਾ ਤੇ ਨਾਲੋਂ ਨਾਲ ਮਾਇਆ ਵਿੱਚ ਮਨੁੱਖ ਦਾ ਭਰੋਸਾ ਇਕੱਠੇ ਨਹੀਂ ਚੱਲ ਸਕਦੇ। ਮਾਇਆ ਨਾਲ ਕਿਸੇ ਵੀ ਰੂਪ ਵਿੱਚ ਜੁੜਨਾ

ਮਨੁੱਖ ਵਿੱਚ ਦੁਵਿਧਾ ਪੈਦਾ ਕਰਦਾ ਹੈ ਪਰੰਤੂ ਮਾਇਆ ਮਿੱਠੀ ਅਤੇ ਜਾਲ ਵਿੱਚ ਫਸਾਉਣ ਵਾਲੀ ਵਸਤੂ ਹੈ ਤੇ ਹਰ ਮਨੁੱਖ ਨੂੰ ਭਰਮਾ ਕੇ ਆਪਣੇ ਵੱਲ ਖਿੱਚਦੀ ਹੈ।

**ਤੱਤ** : ਗੁਰੂ ਨਾਨਕ ਦੇ ਧਾਰਮਿਕ ਵਿਚਾਰਾਂ ਮੁਤਾਬਕ ਅਕਾਲ ਪੁਰਖ ਲਈ ਸ਼ਰਧਾ ਅਤੇ ਆਪਾ ਵਾਰਨ ਵਾਲਾ ਨਜ਼ਰੀਆ ਮਨੁੱਖ ਵਿੱਚ ਵਿਸਮਾਦ ਪੈਦਾ ਕਰਦਾ ਹੈ। ਜੋ ਮਨੁੱਖ ਨੂੰ ਭਗਤੀ ਦੇ ਸੱਚੇ ਮਾਰਗ ਵੱਲ ਲਿਜਾਂਦਾ ਹੈ। ਇਸ ਮਹਾਨਤਾ ਨੂੰ ਸੋ-ਦਰੁ ਅਤੇ ਜਪੁਜੀ ਵਿੱਚ ਬਿਆਨਿਆਂ ਗਿਆ ਹੈ। ਗੁਰੂ ਸਾਹਿਬ ਦਾ ਨਿਸ਼ਚਾ ਹੈ ਕਿ ਅਕਾਲ ਪੁਰਖ ਦੀ ਨਦਰ ਲਈ ਮਨੁੱਖ ਭਗਤੀ ਅਤੇ ਆਪਾ ਵਾਰੂ ਸ਼ਰਧਾ ਰਾਹੀਂ ਸੱਚ ਨੂੰ ਪਛਾਣਨ ਦੇ ਰਸਤੇ ਵੱਲ ਨੂੰ ਜਾ ਸਕਦਾ ਹੈ। ਗੁਰੂ ਨਾਨਕ ਦੀ ਬਾਣੀ ਖ਼ਾਸ ਕਰ ਜਪੁਜੀ ਸਾਹਿਬ ਦੇ ਅੰਤ ਵਿੱਚ ਪੰਜ ਖੰਡਾਂ ਰਾਹੀਂ ਸੂਝ ਤੇ ਅਨੁਭਵ ਦੇ ਪੱਧਰਾਂ ਨੂੰ ਸਪਸ਼ਟ ਤੌਰ 'ਤੇ ਉਜਾਗਰ ਕੀਤਾ ਗਿਆ ਹੈ। ਇੱਥੇ ਗੁਰੂ ਸਾਹਿਬ ਮਨੁੱਖ ਨੂੰ ਆਪਣੇ ਕਾਰਜ ਰੱਬੀ ਹੁਕਮ ਅਨੁਸਾਰ ਨਿਭਾਉਣ ਦੀ ਪ੍ਰੇਰਨਾ ਦਿੰਦੇ ਹਨ।

## ਹਵਾਲੇ

1. ਵਜ਼ੀਰ ਸਿੰਘ (ਡਾ.), ਸਿੱਖ ਦਰਸ਼ਨਧਾਰਾ, ਪੰਨਾ 01
2. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ-843
3. ਉਹੀ, ਪੰਨਾ-463
4. ਉਹੀ, ਪੰਨਾ -01
5. ਉਹੀ, ਪੰਨਾ- 363
6. ਉਹੀ, ਪੰਨਾ-08
7. ਉਹੀ, ਪੰਨਾ-1188
8. ਉਹੀ, ਪੰਨਾ-334
9. ਉਹੀ, ਪੰਨਾ-69
10. ਉਹੀ, ਪੰਨਾ- 469
11. McLeod; W.H. , Guru Nanak and the Sikh Religion, P-190
12. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ-01
13. ਉਹੀ, ਪੰਨਾ-597
14. ਉਹੀ, ਪੰਨਾ-729
15. ਉਹੀ, ਪੰਨਾ-413
16. ਉਹੀ, ਪੰਨਾ-71
17. ਉਹੀ, ਪੰਨਾ-15

**Copyright & License:**

© Authors retain the copyright of this article. This work is published under the Creative Commons Attribution 4.0 International License (CC BY 4.0), permitting unrestricted use, distribution, and reproduction in any medium, provided the original work is properly cited.